ਡਾਇਰੀ ਨੰ 385/cc ਮਿਤੀ 27/10/15

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

## ਦਫਤਰੀ ਹੁਕਮ

ਸ੍ਰੀ ਜਗਦੀਸ਼ ਚੰਦ ਸਿੰਗਲਾ ਸਪੁੱਤਰ ਲੇਟ ਸ੍ਰੀ ਪਾਰਸ ਰਾਮ ਸਿੰਗਲਾ ਪ੍ਰਬੰਧਕੀ ਅਫਸਰ-2 (ਹੁਣ ਸੇਵਾ ਨਵਿਰਤ) ਸਿੰਚਾਈ ਵਿਭਾਗ, ਮੁੱਖ ਦਫਤਰ, ਪੰਜਾਬ, ਚੰਡੀਗੜ੍ਹ ਨੂੰ ਸਰਕਾਰ ਦੇ ਪੱਤਰ ਨੰ: 5/51/2014-5ਸਿੰ:ਪ੍ਰੋ:2/621,ਮਿਤੀ 27.11.2014 ਰਾਹੀਂ ਮੁਅੱਤਲ ਕਰਦੇ ਹੋਏ ਸਰਕਾਰ ਦੇ ਪੱਤਰ ਮਿਤੀ 10.12.2014 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ:-

1) ਮਨਮਰਜੀ ਨਾਲ ਦਫਤਰੀ ਫਾਈਲਾਂ ਨੂੰ ਦੇਰੀ ਨਾਲ ਕੱਢਣਾ।
2) ਮੁੱਖ ਇੰਜੀਨੀਅਰ/ਨਹਿਰਾਂ ਨਾਲ ਡਿਸਕਸ ਲਈ ਲਿਖੀਆਂ ਫਾਈਲਾਂ ਨੂੰ ਡਿਸਕਸ ਨਾ ਕਰਨਾ ਅਤੇ ਸਮੇਂ ਸਿਰ ਨਾ ਮੁੜ ਪੇਸ ਕਰਨੀਆਂ।
3) ਦਫਤਰੀ ਕੰਮਕਾਜ ਤਸੱਲੀਬਖਸ ਨਾ ਹੋਣਾ।

2. ਸ੍ਰੀ ਜਗਦੀਸ਼ ਚੰਦ ਸਿੰਗਲਾ, ਪ੍ਰਬੰਧਕ ਅਫਸਰ-2 (ਹੁਣ ਸੇਵਾ ਨਵਿਰਤ) ਵੱਲੋਂ ਦੋਸ਼ ਸੂਚੀ ਦਾ ਜਵਾਬ ਨਿਰਧਾਰਤ ਸਮੇਂ ਵਿੱਚ ਪੇਸ਼ ਨਹੀਂ ਕੀਤਾ ਗਿਆ ਜਿਸ ਦੇ ਫਲਸਰੂਪ ਸਰਕਰ ਵੱਲੋਂ ਇਸ ਮਾਮਲੇ ਵਿੱਚ ਲਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਸਰਕਾਰ ਦੇ ਪੱਤਰ ਨੰ:5/51/2014-5ਸਿੰ:ਪ੍ਰੋ:2/123, ਮਿਤੀ 25.2.2015 ਰਾਹੀਂ ਸ੍ਰੀ ਐਮ.ਐਸ. ਰੱਤੂ, ਵਧੀਕ ਜਿਲ੍ਹਾ ਅਤੇ ਸੈਸਨ ਜੱਜ (ਰਿਟਾਇਰਡ) ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ । ਇਸ ਉਪਰੰਤ ਇਸ ਅਧਿਕਾਰੀ ਵੱਲੋਂ ਦਿੱਤੀ ਗਈ ਪ੍ਰਤੀ ਬੇਨਤੀ ਨੂੰ ਵਿਚਾਰਦੇ ਹੋਏ ਸਰਕਾਰ ਦੇ ਪੱਤਰ ਨੰ: 5/51/2014-5ਸਿੰ:ਪ੍ਰੋ:2/393-396, ਮਿਤੀ 1.6.2015 ਰਾਹੀਂ ਇਸ ਅਧਿਕਾਰੀ ਨੂੰ ਸੇਵਾ ਵਿੱਚ ਇਸ ਸਰਤ ਤੇ ਮੁੜ ਬਹਾਲ ਕੀਤਾ ਗਿਆ ਸੀ ਕਿ ਉਸ ਵਿਰੁੱਧ ਚੱਲ ਰਹੀ ਵਿਭਾਗੀ ਪੜਤਾਲ ਤੇ ਇਨ੍ਹਾਂ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ।

3. ਇਸ ਉਪਰੰਤ ਇਸ ਕੇਸ ਵਿੱਚ ਪੜਤਾਲੀਆ ਅਫਸਰ ਵੱਲੋਂ ਸਰਕਾਰ ਨੂੰ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਵਿੱਚ ਦੋਸ਼ੀ ਅਧਿਕਾਰੀ ਵਿਰੁੱਧ ਲਗਾਏ ਗਏ ਸਮੂਹ ਦੋਸਾਂ ਨੂੰ ਸਿੱਧ ਕੀਤਾ ਗਿਆ ਸੀ । ਇਸ ਲਈ ਨਿਰਧਾਰਤ ਵਿਧੀ ਅਨੁਸਾਰ ਦੋਸ਼ੀ ਅਧਿਕਾਰੀ ਨੂੰ ਪੜਤਾਲੀਆ ਅਫਸਰ ਵੱਲੋਂ ਪੇਸ਼ ਕੀਤੀ ਪੜਤਾਲ ਰਿਪੋਰਟ ਦੀ ਕਾਪੀ ਸਰਕਾਰ ਦੇ ਪੱਤਰ ਮਿਤੀ 13.7.2015 ਰਾਹੀਂ ਭੇਜਦੇ ਹੋਏ ਆਪਣਾ ਸਪਸਟੀਕਰਨ ਇੱਕ ਮਹੀਨੇ ਦੇ ਅੰਦਰ ਅੰਦਰ ਦੇਣ ਲਈ ਲਿਖਿਆ ਗਿਆ । ਇਸ ਰਿਟਾਇਰਡ ਅਧਿਕਾਰੀ ਵੱਲੋਂ ਪੜਤਾਲ ਰਿਪੋਰਟ ਸਬੰਧੀ ਆਪਣਾ ਸਪਸ਼ਟੀਕਰਨ ਮਿਤੀ 9.9.2015 ਨੂੰ ਪੇਸ਼ ਕੀਤਾ ਗਿਆ ਜਿਸ ਵਿੱਚ ਉਸਨੇ ਉਸ ਵਿਰੁੱਧ ਲਗਾਏ ਦੋਸ਼ਾਂ ਨੂੰ ਮੰਨਣ ਤੋਂ ਪੜਤਾਲ ਰਿਪੋਰਟ ਦੇ ਹਰੇਕ ਪੱਖ ਨੂੰ ਨਕਾਰਿਆ ਗਿਆ । ਇਸ ਕੇਸ ਵਿੱਚ ਅੰਤਿਮ ਫੈਸਲਾ ਲੈਣ ਤੋਂ ਪਹਿਲਾਂ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਸਕੱਤਰ ਸਿੰਚਾਈ ਜੀ ਵੱਲੋਂ ਸ੍ਰੀ ਜਗਦੀਸ਼ ਚੰਦ ਸਿੰਗਲਾ, ਪ੍ਰਬੰਧਕੀ ਅਫਸਰ-2 (ਹੁਣ ਰਿਟਾਇਰਡ) ਨੂੰ ਮਿਤੀ 29.9.2015 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ।

ਇਸ ਲਈ ਸ੍ਰੀ ਜਗਦੀਸ਼ ਚੰਦ ਸਿੰਗਲਾ, ਪ੍ਰਬੰਧਕੀ ਅਫਸਰ-2 (ਹੁਣ ਰਿਟਾਇਰਡ) ਨੂੰ ਜਾਰੀ ਕੀਤੀ ਦੋਸ਼ ਸੂਚੀ, ਉਸ ਵੱਲੋਂ ਦੋਸ਼ ਸੂਚੀ ਸਬੰਧੀ ਦਿੱਤੇ ਗਏ ਜਵਾਬ, ਪੜਤਾਲ ਰਿਪੋਰਟ, ਉਸ ਵੱਲੋਂ ਨਿੱਜੀ ਸੁਣਵਾਈ ਸਮੇਂ ਮਾਨਯੋਗ ਸਕੱਤਰ ਸਿੰਚਾਈ ਜੀ ਦੇ ਸਨਮੁੱਖ ਪੇਸ਼ ਕੀਤੀ ਸ਼ਹਾਦਤ ਅਤੇ ਕੇਸ ਤੇ ਆਏ ਸਾਰੇ ਤੱਥਾਂ ਨੂੰ ਗਹੁ ਨਾਲ ਵਿਚਾਰਨ ਉਪਰੰਤ ਕਿਉਂਜੋ ਸ੍ਰੀ ਜਗਦੀਸ਼ ਚੰਦ ਸਿੰਗਲਾ, ਪ੍ਰਬੰਧਕੀ ਅਫਸਰ-2 ਜੋ ਹੁਣ ਰਿਟਾਇਰ ਹੋ ਚੁੱਕਿਆ ਹੈ, ਇਸ ਲਈ ਮੁਅੱਤਲੀ ਸਮੇਂ ਦੌਰਾਨ ਉਸ ਨੂੰ ਜੋ ਵੀ ਦਿੱਤਾ ਗਿਆ ਹੈ, ਉਸ ਤੋਂ ਇਲਾਵਾ ਹੋਰ ਕੋਈ ਰਕਮ ਅਦਾ ਨਹੀਂ ਕੀਤੀ ਜਾਵੇਗੀ ਇਸ ਤੋਂ ਇਲਾਵਾ ਉਸ ਦੇ ਮੁਅੱਤਲੀ ਦੇ ਸਮੇਂ ਨੂੰ ਨਿਯਮਤ (Regularise) ਕੀਤਾ ਜਾਂਦਾ ਹੈ।

ਮਿਤੀ,ਚੰਡੀਗੜ੍ਹ:
12-10-2015

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

ਪਿੱਠ ਅੰਕਣ ਨੰ:5/51/2014-5ਸਿੰ:ਪ੍ਰੋ:2/ 613461/3 ਮਿਤੀ,ਚੰਡੀਗੜ੍ਹ: 20/10/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।
2) ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।
4) ਸ੍ਰੀ ਜਗਦੀਸ਼ ਚੰਦ ਸਿੰਗਲਾ, ਪ੍ਰਬੰਧਕੀ ਅਫਸਰ-2 (ਰਿਟਾਇਰਡ), ਮਕਾਨ ਨੰ: 259, ਫੇਜ-3 ਏ, ਮੋਹਾਲੀ, ਪੰਜਾਬ।

ਅਧੀਨ ਸਕੱਤਰ ਸਿੰਚਾਈ

11645
21/10/2015